# ਸ਼ਬਦ

# ਪਰਿਭਾਸ਼ਾ:

ਸ਼ਬਦ ਭਾਸ਼ਾ ਦੀ ਵਿਆਕਰਣਕ ਇਕਾਈ ਹੈ|ਸ਼ਬਦ ਭਾਸ਼ਾ ਦੀ ਅਜਿਹੀ ਵਿਆਕਰਣਕ ਇਕਾਈ ਹੈ, ਜੋ ਰਚਿਤ ਵੀ ਹੈ ਅਤੇ ਰਚਨਾਤਮਕ ਵੀ| ਸ਼ਬਦ ਰਚਿਤ ਇਕਾਈ ਇਸ ਕਰਕੇ ਹੈ ਕਿਉਂਕਿ ਇਹ ਆਪਣੇ ਤੋਂ ਛੋਟੀ ਵਿਆਕਰਣਕ ਇਕਾਈ ਭਾਵੰਸ਼ ਨਾਲ ਮਿਲ ਕੇ ਬਣੀ ਹੈ ਅਤੇ ਰਚਨਾਤਮਕ ਇਕਾਈ ਇਸ ਕਰਕੇ ਕਿ ਇਹ ਆਪਣੇ ਤੋਂ ਉਪਰਲੀਆਂ ਵਿਆਕਰਣਕ ਇਕਾਈਆਂ ਦੀ ਰਚਨਾ ਕਰਦਾ ਹੈ| 'ਸ਼ਬਦ' ਨੂੰ ਪਰਿਭਾਸ਼ਤ ਕਰਨ ਲਈ ਕਿਹਾ ਗਿਆ ਹੈ ਕਿ ਸ਼ਬਦ ਨਿਸ਼ਚਿਤ ਧੁਨੀਆਂ ਅਤੇ ਅਰਥਾਂ ਦਾ ਅਜਿਹਾ ਸੁਮੇਲ ਹੁੰਦਾ ਹੈ, ਜੋ ਇਕ ਵਿਆਕਰਣਕ ਸਰੂਪ ਵਜੋਂ ਵਿਚਰਦਾ  ਹੈ|[1] ਸ਼ਬਦ ਨਾਲ ਸੰਬੰਧਿਤ ਇਹ ਪਰਿਭਾਸ਼ਾ ਵੀ ਦਿੱਤੀ ਜਾ ਸਕਦੀਹੈ ਕਿ ਕਿਸੇ ਬੋਲ ਜਾਂ ਵਾਕ ਦਾ ਉਹ ਲਘੂਤਮ ਅੰਸ਼ ਜਿਸ ਨੂੰ ਇਕਲਿਆਂ ਕਿਸੇ ਵਾਕ ਜਾਂ ਬੋਲ ਦੀ ਥਾਂ ਵਰਤਿਆ ਜਾ ਸਕੇ, ਸ਼ਬਦ ਹੈ|[2]

# ਸ਼ਬਦ ਦਾ ਵਰਗੀਕਰਨ

ਪੰਜਾਬੀ ਭਾਸ਼ਾ ਦੇ ਵਿਆਕਰਨ ਵਿੱਚ ਸ਼ਬਦ ਦਾ ਵਰਗੀਕਰਨ ਹੇਠ ਲਿਖੇ ਆਧਾਰਾਂ ’ਤੇ ਹੁੰਦਾ ਹੈ:-

1. ਵਰਤੋਂ ਦੇ ਆਧਾਰ ’ਤੇ
2. ਰੂਪ ਦੇ ਆਧਾਰ ’ਤੇ
3. ਵਿਉਂਤਪਤੀ ਦੇ ਆਧਾਰ ’ਤੇ
4. ਅਰਥ ਸਿਰਜਣ ਦੇ ਆਧਾਰ ’ਤੇ
5. ਪ੍ਰਕਾਰਜ ਦੇ ਆਧਾਰ ’ਤੇ
6. ਬਣਤਰ ਦੇ ਆਧਾਰ ’ਤੇ
7. ਅਰਥ ਸੰਬੰਧਾਂ ਦੇ ਆਧਾਰ ’ਤੇ

# ਵਰਤੋਂ ਦੇ ਆਧਾਰ ’ਤੇ

ਵਰਤੋਂ ਦੇ ਆਧਾਰ ’ਤੇ ਸ਼ਬਦ ਦਾ ਵਰਗੀਕਰਨ ਅੱਗੋਂ ਦੋ ਭਾਗਾਂ ਵਿੱਚ ਹੁੰਦਾ ਹੈ:

- ਕੋਸ਼ਗਤ ਸ਼ਬਦ :- ਕੋਸ਼ਗਤ ਸ਼ਬਦ ਉਹ ਸ਼ਬਦ ਹੁੰਦੇ ਹਨ ਜਿਹਨਾਂ ਨੂੰ ਮੁੱਢਲੀ ਇਕਾਈ ਵਜੋਂ ਕੋਸ਼ ਵਿੱਚ ਦਰਜ ਕੀਤਾ ਜਾਂਦਾ ਹੈ| ਜਿਵੇਂ ‘ਕਰ’ ਸ਼ਬਦ ਕੋਸ਼ਗਤ ਸ਼ਬਦ ਹੈ ਜਿਸ ਦੇ ਅੱਗੋਂ ਹੋਰ ਕਈ ਰੂਪ ਮਿਲਦੇ ਹਨ|
- ਵਿਆਕਰਣਕ ਸ਼ਬਦ :- ਪੰਜਾਬੀ ਭਾਸ਼ਾ ਵਿੱਚ ਵਿਆਕਰਣਕ ਕਾਰਜ ਕਰਨ ਵਾਲੇ ਸ਼ਬਦ ਨੂੰ ਵਿਆਕਰਣਕ ਸ਼ਬਦ ਕਿਹਾ ਜਾਂਦਾ ਹੈ| ਇਸ ਵਿੱਚ ਨਾਂਵ, ਪੜਨਾਂਵ, ਕਿਰਿਆ,ਸੰਬੰਧਕ, ਵਿਸਮਿਕ, ਯੋਜਕ ਆਦਿ ਵਿਆਕਰਣਕ ਸ਼ਬਦ ਦੀ ਸ਼ਰੇਣੀ ਵਿੱਚ ਆ ਜਾਂਦੇ ਹਨ|

# ਰੂਪ ਦੇ ਆਧਾਰ ’ਤੇ

ਰੂਪ ਦੇ ਆਧਾਰ ’ਤੇ ਸ਼ਬਦ ਦਾ ਵਰਗੀਕਰਨ ਅੱਗੋਂ ਦੋ ਭਾਗਾਂ ਵਿੱਚ ਹੁੰਦਾ ਹੈ:

- ਵਿਕਾਰੀ ਸ਼ਬਦ :- ਵਿਕਾਰੀ ਤੋਂ ਭਾਵ ਬਦਲ ਹੈ ਅਰਥਾਤ ਉਹ ਸ਼ਬਦ ਜੋ ਵਿਆਕਰਣਕ ਵਰਗ ਅਧੀਨ ਆਪਣਾ ਰੂਪ ਬਦਲ ਲੈਂਦੇ ਹਨ| ਅਜਿਹੇ ਸ਼ਬਦਾਂ ਨੂੰ ਵਿਆਕਰਣਕ ਸ਼ਬਦ ਕਿਹਾ ਜਾਂਦਾ ਹੈ| ਜਿਵੇਂ ਮੋਰ ਤੋਂ ਮੋਰਨੀ, ਇਹ ਸ਼ਬਦ ਲਿੰਗ ਅਧੀਨ ਆਪਣਾ ਵਿਕਾਰੀ ਰੂਪ ਤਬਦੀਲ ਕਰ ਗਿਆ ਹੈ|
- ਅਵਿਕਾਰੀ ਸ਼ਬਦ :- ਅਵਿਕਾਰੀ ਸ਼ਬਦ ਉਹ ਹੁੰਦੇ ਹਨ ਜੋ ਕਿਸੇ ਵੀ ਵਿਆਕਰਣਕ ਵਰਗ ਅਧੀਨ ਆਪਣਾ ਰੂਪ ਤਬਦੀਲ ਨਹੀਂ ਕਰਦੇ| ਇਸ ਸ਼ਰੇਣੀ ਅਧੀਨ ਸੰਬੰਧਕ,ਯੋਜਕ ਅਤੇ ਵਿਸਮਿਕ ਆ ਜਾਂਦੇ ਹਨ|

# ਵਿਉਂਤਪਤੀ ਦੇ ਆਧਾਰ ’ਤੇ

ਵਿਉਂਤਪਤ ਦੇ ਆਧਾਰ ’ਤੇ ਸ਼ਬਦ ਦਾ ਵਰਗੀਕਰਨ ਅੱਗੋਂ ਤਿੰਨ ਭਾਗਾਂ ਵਿੱਚ ਹੁੰਦਾ ਹੈ:

- ਰੂੜ- ਸ਼ਬਦ ਦਾ ਧਾਤੂ ਰੂਪ ਇਸੇ ਸ਼੍ਰੇਣੀ ਵਿੱਚ ਆ ਜਾਂਦੇ ਹਨ|ਧਾਤੂ ਤੋਂ ਭਾਵ ਸ਼ਬਦ ਦਾ ਸਭ ਤੋਂ ਛੋਟਾ ਅਰਥਪੂਰਨ ਹਿੱਸਾ ਹੈ| ਜਿਵੇਂ – ਕਰ,ਆ, ਜਾ ਆਦਿ|
- ਯੋਗਿਕ – ਯਗਿਕ ਸ਼ਬਦ ਉਹ ਹੁੰਦੇ ਹਨ ਜੋ ਰੂੜ ਦੀ ਸਹਾਇਤਾ ਨਾਲ ਬਣਦੇ ਹਨ|ਇਹ ਸ਼ਬਦ ਸਮਾਸ ਤੇ ਵਿਉਂਤਪਤ ਵਿਧੀ ਨਾਲ ਸਿਰਜੇ ਜਾਂਦੇ ਹਨ|ਜਿਵੇਂ-ਪੈੜ-ਚਾਲ,ਚਲੋ-ਚਲੀ ਦੌੜ-ਭੱਜ ਆਦਿ|
- ਯੋਗ-ਰੂੜ – ਯੋਗ-ਰੂੜ ਉਹ ਸ਼ਬਦ ਹੁੰਦੇ ਹਨ ਜੋ ਰੂੜ ਵੀ ਹੁੰਦੇ ਹਨ ਤੇ ਯੋਗ-ਰੂੜ ਵੀ ਪੰਜਾਬੀ ਭਾਸ਼ਾ ਵਿੱਚ ਇਹਨਾਂ ਸ਼ਬਦਾਂ ਦੀ ਵਰਤੋਂ ਲਗਭਗ ਨਾ ਦੇ ਬਰਾਬਰ ਹੈ|

# ਅਰਥ ਸਿਰਜਣ ਦੇ ਆਧਾਰ ’ਤੇ

ਅਰਥ ਸਿਰਜਣ ਦੇ ਆਧਾਰ ’ਤੇ ਸ਼ਬਦ ਦਾ ਵਰਗੀਕਰਨ ਅੱਗੋਂ ਤਿੰਨ ਭਾਗਾਂ ਵਿੱਚ ਹੁੰਦਾ ਹੈ:

- ਵਾਚਕ – ਉਹ ਸ਼ਬਦ ਜੋ ਆਮ ਪਰਚਲਿਤ ਅਰਥਾਂ ਦਾ ਬੋਧ ਕਰਵਾਉਣ ਉਹਨਾਂ ਨੂੰ ਵਾਚਕ ਸ਼ਬਦ ਕਿਹਾ ਜਾਂਦਾ ਹੈ|ਜਿਵੇਂ – ਕੁਰਸੀ|
- ਲਕਸ਼ਕ – ਉਹ ਸ਼ਬਦ ਜੋ ਆਮ ਅਰਥਾਂ ਦੀ ਥਾਂ ਭਾਵ ਵਾਚਕ ਤੋਂ ਅਗਲੇਰੇ ਅਰਥਾਂ ਦਾ ਬੋਧ ਕਰਵਾਉਣ, ਉਹਨਾਂ ਨੂੰ ਲਕਸ਼ਕ ਸ਼ਬਦ ਕਿਹਾ ਜਾਂਦਾ ਹੈ| ਜਿਵੇਂ- ‘ਇਹ ਤਾਂ ਪੱਥਰ ਪੈਦਾ ਕੀਤਾ ’ ਪੱਥਰ ਸ਼ਬਦ ਦਾ ਵਾਚਕ ਅਰਥ ਹੈ,ਪਰ ਇੱਥੇ ਸੁਝਾਊ ਅਰਥ ਕੁਝ ਨਾ ਕਰਨ ਵਾਲਾ ਵਾਧੂ ਭਾਰ ਵਾਲੇ ਲਈ ਹੈ|

- ਵਿਅੰਜਕ – ਇਸ ਵਿੱਚ ਉਹ ਸ਼ਬਦ ਆਉਂਦੇ ਹਨ ਜੋ ਟੇਢੇ ਢੰਗ ਨਾਲ ਕਹੇ ਜਾਂਦੇ ਹਨ ਭਾਵ ਇਹਨਾਂ ਵਿੱਚ ਵਿਅੰਗਾਰਥ ਹੁੰਦਾ ਹੈ|ਇਹ ਗੂੜੇ ਅਰਥਾਂ ਦਾ ਸੰਚਾਰ ਕਰਦੇ ਹਨ| ਸਾਹਿਤ ਵਿਅੰਜਕ ਅਰਥਾਂ ਦਾ ਸੰਚਾਰ ਵਧੇਰੇ ਹੁੰਦਾ ਹੈ|ਜਿਵੇਂ

  "ਜੰਮਿਆ ਪੂਰਬ ਦੀ ਕੁੱਖੋਂ ਸਵਰਣ-ਬਾਲ,
  ਵਿਛ ਗਿਆ ਦਿਸਹੱਦੇ ਤੀਕਰ ਰੂਪ-ਜਾਲ"

  ਉਪਰੋਕਤ ਕਾਵਿ ਪੰਕਤੀਆਂ ਵਿੱਚ ਸਵੇਰ ਹੋਣ ਦਾ ਵਰਣਨ ਮਿਲਦਾ ਹੈ|

# ਪ੍ਰਕਾਰਜ ਦੇ ਅਧਾਰ ’ਤੇ

ਪ੍ਰਕਾਰਜ ਦੇ ਆਧਾਰ ’ਤੇ ਸ਼ਬਦ ਦਾ ਵਰਗੀਕਰਨ ਅੱਗੋਂ ਦੋ ਭਾਗਾਂ ਵਿੱਚ ਹੁੰਦਾ ਹੈ:

- ਅਰਥ ਪ੍ਰਕਾਰਜੀ – ਵਾਕ ਵਿੱਚ ਜਿਹੜੇ ਸ਼ਬਦ ਕਿਸੇ ਵੀ ਵਿਆਕਰਣਕ ਸ਼ਰੇਣੀਆਂ ਅਧੀਨ ਕਾਰਜ ਕਰਦੇ ਹਨ| ਨਾਂਵ ,ਪੜਨਾਂਵ,ਵਿਸ਼ੇਸ਼ਣ,ਕਿਰਿਆ ਆਦਿ ਇਸੇ ਸ਼ਰੇਣੀ ਅਧੀਨ ਆਉਂਦੇ ਹਨ|
- ਵਾਕ ਪ੍ਰਕਾਰਜੀ – ਵਾਕ ਵਿੱਚ ਉਹ ਸ਼ਬਦ ਜੋ ਕੇਵਲ ਵਾਕ ਵਿੱਚ ਆ ਕੇ ਹੀ ਆਪਣਾ ਕਾਰਜ ਕਰਦੇ ਹਨ|ਇਹ ਸ਼ਬਦ ਵਾਕ ਦੀ ਪੱਧਰ ’ਤੇ ਹੀ ਦ੍ਰਿਸ਼ਟੀਗੋਚਰ ਹੁੰਦੇ ਹਨ|ਸੰਬੰਧਕ ਅਤੇ ਯੋਜਕ ਇਸੇ ਸ਼ਰੇਣੀ ਅਧੀਨ ਆਉਂਦੇ ਹਨ|

# ਬਣਤਰ ਦੇ ਆਧਾਰ ’ਤੇ

ਬਣਤਰ ਦੇ ਆਧਾਰ ’ਤੇ ਸ਼ਬਦ ਦਾ ਵਰਗੀਕਰਨ ਅੱਗੋਂ ਚਾਰ ਭਾਗਾਂ ਵਿੱਚ ਹੁੰਦਾ ਹੈ:

- ਸਮਾਸੀ ਸ਼ਬਦ – ਸਮਾਸੀ ਸ਼ਬਦ ‘ਸਮਾਸ’ ਤੋਂ ਬਣਿਆ ਹੈ ਜਿਸ ਤੋਂ ਭਾਵ ਹੈ- ਜੋੜਣਾ| ਇਹਨਾਂ ਸ਼ਬਦਾਂ ਦੀ ਰਚਨਾ ਇੱਕ ਤੋਂ ਵੱਧ ਧਾਤੂਆਂ ਨੂੰ ਜੋੜ ਕੇ ਕੀਤੀ ਜਾਂਦੀ ਹੈ|ਜਿਵੇਂ- ਨਿਰਮਲ, ਦਾਲ-ਭਾਜੀ,ਦਿਨ-ਪੂਰਬ,ਸਵੇਰ-ਸ਼ਾਮ ਆਦਿ|
- ਸੰਖਿਪਤ ਸ਼ਬਦ - ਸੰਖਿਪਤ ਸ਼ਬਦ ਦਾ ਭਾਵ ਹੈ ਛੋਟਾ|ਜਦੋਂ ਇੱਕ ਤੋਂ ਵੱਧ ਸ਼ਬਦਾਂ ਲਈ ਉਹਨਾਂ ਸ਼ਬਦਾਂ ਦੀਆਂ ਆਰੰਭਲੀਆਂ ਧੁਨੀਆਂ ਨੂੰ ਜੋੜ ਕੇ ਨਵੇਂ ਸ਼ਬਦ ਦੀ ਰਚਨਾ ਕੀਤੀ ਜਾਂਦੀ ਹੈ ਤਾਂ ਉਹਨਾਂ ਨੂੰ ਸੰਖਿਪਤ ਸ਼ਬਦ ਕਿਹਾ ਜਾਂਦਾ ਹੈ| ਜਿਵੇਂ – ਗੁ.ਨਾ.ਦੇ.ਯੂ. ਅਤੇ ਐਮ.ਪੀ. ਆਦਿ|

- ਮਿਸ਼ਰਨੀ ਸ਼ਬਦ- ਮਿਸ਼ਰਨੀ ਸ਼ਬਦਾਂ ਦੀ ਰਚਨਾ ਉਦੋਂ ਹੁੰਦੀ ਹੈ ਜਦੋਂ ਇੱਕ ਤੋਂ ਵਧੇਰੇ ਸ਼ਬਦਾਂ ਦੇ ਆਰੰਭਲੇ ਵਰਨਾਂ ਨੂੰ ਜੋੜਿਆ ਜਾਂਦਾ ਹੈ| ਜਿਵੇਂ ਆਪ (ਆਮ ਆਦਮੀ ਪਾਰਟੀ),ਬਸਪਾ (ਬਹੁਜਨ ਸਮਾਜ ਪਾਰਟੀ) ਆਦਿ|
- ਦੁਹਰੁਕਤ ਸ਼ਬਦ – ਜਦੋਂ ਕਿਸੇ ਸ਼ਬਦ ਦਾ ਦੁਹਰਾਓ ਉਸੇ ਰੂਪ 'ਚ ਜਾਂ ਹੋਰ ਮਿਲਦੇ ਸ਼ਬਦ ਦੇ ਰੂਪ ਵਿੱਚ ਹੁੰਦਾ ਹੈ ਤਾਂ ਉਸ ਸ਼ਬਦ ਨੂੰ ਦੁਹਰੁਕਤ ਸ਼ਬਦ ਕਿਹਾ ਜਾਂਦਾ ਹੈ| ਜਿਵੇਂ- ਘਰੋਂ-ਘਰੀਂ,ਪਾਣੀ-ਧਾਣੀ ਆਦਿ|

# ਅਰਥ-ਸੰਬੰਧਾਂ ਦੇ ਆਧਾਰ ’ਤੇ

ਅਰਥ-ਸੰਬੰਧਾਂ ਦੇ ਆਧਾਰ ’ਤੇ ਸ਼ਬਦ ਦਾ ਵਰਗੀਕਰਨ ਅੱਗੋਂ ਚਾਰ ਭਾਗਾਂ ਵਿੱਚ ਕੀਤਾ ਜਾਂਦਾ ਹੈ:

- ਸਮਾਨਾਰਥੀ ਸ਼ਬਦ – ਜਿਹੜੇ ਸ਼ਬਦ ਇਕੋ ਅਰਥ ਨੂੰ ਦ੍ਰਿਸ਼ਟੀਗੋਚਰ ਕਰਦੇ ਹੋਣ ਪਰ ਇਕੋ ਅਰਥ ਲਈ ਵੱਖ-ਵੱਖ ਸ਼ਬਦਾਂ ਨੂੰ ਜੋੜਿਆ ਜਾਵੇ, ਉਹਨਾਂ ਸ਼ਬਦਾਂ ਨੂੰ ਸਮਾਨਾਰਥੀ ਸ਼ਬਦ ਕਿਹਾ ਜਾਂਦਾ ਹੈ|ਜਿਵੇਂ-ਗੋਰਾ-ਚਿੱਟਾ,ਭੂਤ-ਪਰੇਤ,ਰੋਟੀ-ਟੁੱਕ ਆਦਿ|
- ਵਿਰੋਧਾਰਥੀ ਸ਼ਬਦ – ਜਿਹੜੇ ਸ਼ਬਦ ਸਮਾਸ ਹੋਣ ਪਰ ਆਪਸ ਵਿੱਚ ਅੰਤਰ ਵਿਰੋਧ ਵਾਲੇ ਅਰਥ ਸਪੱਸ਼ਟ ਕਰਦੇ ਹੋਣ ਤਾਂ ਉਹਨਾਂ ਨੂੰ ਵਿਰੋਧਾਰਥੀ ਸ਼ਬਦ ਕਿਹਾ ਜਾਂਦਾ ਹੈ|ਜਿਵੇਂ-ਨੇਕੀ-ਬਦੀ,ਝੂਠ-ਸੱਚ,ਔਰਤ-ਮਰਦ,ਸਵੇਰ-ਸ਼ਾਮ ਆਦਿ|

- ਵਰਗਾਰਥੀ ਸ਼ਬਦ – ਇਕੋ ਸ਼ਬਦ ਦੇ ਹੋਰ ਸਾਂਝੇ ਅਰਥ ਦ੍ਸ਼ਿਟੀਗੋਚਰ ਕਰਨ ਵਾਲੇ ਸ਼ਬਦਾਂ ਨੂੰ ਵਰਗਾਰਥੀ ਸ਼ਬਦ ਕਿਹਾ ਜਾਂਦਾ ਹੈ| ਜਿਵੇਂ-

| ਵਰਗ | ਵਰਗਾਥੀ ਸ਼ਬਦ |
|---|---|
| ਪਸ਼ੂ | ਗਾਂ, ਮੱਝ,ਝੋਟਾ,ਝੋਟੀ,ਬਲਦ |
| ਪੰਖੇਰੂ | ਚਿੜੀ, ਕਾਂ, ਤੋਤਾ,ਕਬੂਤਰ,ਘੁੱਗੀ |
| ਸਾਕ- ਸੰਬੰਧੀ | ਮਾਮਾ,ਮਾਸੀ,ਚਾਚਾ,ਭੂਆ,ਜੁਆਈ |

- ਅਨੇਕਾਰਥੀ ਸ਼ਬਦ – ਉਹ ਸ਼ਬਦ ਜਿਹਨਾਂ ਦੇ ਇਕ ਤੋਂ ਵੱਧ ਅਰਥ ਦ੍ਰਿਸ਼ਟੀਗੋਚਰ ਹੋਣ ਉਹਨਾਂ ਸ਼ਬਦਾਂ ਨੂੰ ਅਨੇਕਾਰਥੀ ਸ਼ਬਦ ਕਿਹਾ ਜਾਂਦਾ ਹੈ| ਜਿਵੇਂ – ਚਾਲ-(ਤੋਰ,ਸਾਜਿਸ਼), ਪੱਕਾ-(ਪੱਕਿਆ ਹੋਇਆ,ਬਿਲਕੁਲ ਦ੍ਰਿੜ) ਆਦਿ|

# ਹਵਾਲੇ


1. John Lyon’s, Introduction to Theoretical Linguistics, p. 200.
2. ਵੇਦ ਅਗਨੀਹੋਤਰੀ,ਪਰਿਚਾਇਕ ਭਾਸ਼ਾ ਵਿਗਿਆਨ, ਪੰਨਾ 63.

# ਪ੍ਰਸਤੁਤ ਕਰਤਾ

ਹਰਮਨਪ੍ਰੀਤ ਕੌਰ
ਪੰਜਾਬੀ ਵਿਭਾਗ
ਐਚ.ਐਮ.ਵੀ. ਕਾਲਜ
ਜਲੰਧਰ|